# ਜੇ ਤੁਸੀਂ ਅਜਿਹੀ ਔਰਤ ਹੋ ਜਿਸਨੂੰ ਉਸਦੇ ਪਤੀ ਨੇ ਸਪਾਂਸਰ ਕੀਤਾ ਹੋਵੇ

**1. If you are a woman sponsored by your husband**

## ਇਹ ਉਹਦੇ ਲਈ ਹੈ

ਇਹ ਜਾਣਕਾਰੀ ਪੇਪਰ ਤੁਹਾਡੇ ਵਾਸਤੇ ਹੈ ਜੇ ਤੁਸੀਂ ਆਵਾਸੀ (ਇਮੀਗਰੈਂਟ) ਔਰਤ ਹੋ।

- ਤੁਹਾਡੇ ਪਤੀ ਦੁਆਰਾ ਸਪਾਂਸਰ ਕੀਤੀ ਹੋਈ ਅਤੇ
- ਤੁਹਾਨੂੰ ਆਪਣੇ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ ਦਾ ਡਰ ਹੈ ਕਿਉਂਕਿ ਤੁਹਾਡੇ ਪਤੀ ਨੇ ਤੁਹਾਨੂੰ ਕੁੱਟਿਆ ਮਾਰਿਆ ਹੈ ਜਾਂ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਮਾਰਨ ਦੀ ਧਮਕੀ ਦਿੱਤੀ ਹੈ ਜਾਂ ਤੁਹਾਡੀਆਂ ਚੀਜ਼ਾਂ ਨੂੰ ਨੁਕਸਾਨ ਪਹੁੰਚਾਣ ਦੀ ਧਮਕੀ ਦਿੱਤੀ ਹੈ।

## ਤੁਹਾਡੇ ਕੀ ਹੱਕ ਹਨ

- ਕਨੇਡਾ ਵਿਚ ਪਤੀ ਵਲੋਂ ਆਪਣੀ ਪਤਨੀ ਨੂੰ ਮਾਰਨਾ ਕੁੱਟਣਾ ਜਾਂ ਉਹਦੇ ਨਾਲ ਦੁਰਵਿਹਾਰ ਕਰਨਾ ਕਾਨੂੰਨ ਵਿਰੋਧੀ ਹੈ। ਇਹ ਜ਼ੁਰਮ ਹੈ।
- ਜੇ ਤੁਹਾਡੇ ਪਤੀ ਨੇ ਤੁਹਾਨੂੰ ਕੁੱਟਿਆ ਮਾਰਿਆ ਹੋਵੇ ਜਾਂ ਤੁਹਾਨੂੰ ਕੁੱਟਣ ਜਾਂ ਜਾਨੋ ਮਾਰ ਦੇਣ ਦੀ ਧਮਕੀ ਦਿੱਤੀ ਹੋਵੇ ਤਾਂ ਤੁਸੀਂ ਆਪ ਜਾਂ ਕੋਈ ਹੋਰ ਪੁਲੀਸ ਨੂੰ ਸੱਦ ਸਕਦੇ ਹੋ। ਜੇ ਪੁਲੀਸ ਇਸ ਗੱਲ ਦਾ ਯਕੀਨ ਕਰ ਲਵੇ ਕਿ ਤੁਹਾਡੇ ਪਤੀ ਨੇ ਤੁਹਾਡੇ ਨਾਲ ਦੁਰਵਿਹਾਰ ਕੀਤਾ ਹੈ ਤਾਂ ਉਹ ਉਸਨੂੰ ਗ੍ਰਿਫਤਾਰ ਕਰ ਸਕਦੇ ਹਨ। ਉਹ ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਕਿਸੇ ਸੁਰੱਖਿਆ ਵਾਲੀ ਥਾਂ ਤੇ ਲੈ ਜਾ ਸਕਦੇ ਹਨ।
- ਜੇ ਤੁਹਾਡਾ ਪਤੀ ਤੁਹਾਡੇ ਨਾਲ ਦੁਰਵਿਹਾਰ ਕਰਦਾ ਹੈ ਤਾਂ ਤੁਹਾਡੇ ਲਈ ਜ਼ਰੂਰੀ ਨਹੀਂ ਕਿ ਤੁਸੀਂ ਉਸ ਨਾਲ ਰਹੋ ਭਾਵੇਂ ਉਹ ਤੁਹਾਨੂੰ ਸਪਾਂਸਰ ਕਰਨ ਵਾਲਾ ਹੀ ਕਿਉਂ ਨਾ ਹੋਵੇ। ਜੇ ਤੁਸੀਂ ਲੈਂਡਡ ਇਮੀਗਰੈਂਟ ਹੋ ਜਾਣੀ ਕਿ ਪੱਕੇ ਨਿਵਾਸੀ ਤਾਂ ਤੁਹਾਡੇ ਪਤੀ ਤੋਂ ਵੱਖਰੇ ਹੋਣ ਨਾਲ ਤੁਹਾਡੇ ਕਨੇਡਾ ਵਿਚਲੇ ਇਮੀਗਰੇਸ਼ਨ ਸਟੇਟਸ ਵਿਚ ਕੋਈ ਫਰਕ ਨਹੀਂ ਪਵੇਗਾ। ਜੇ ਤੁਹਾਨੂੰ ਇਸ ਗੱਲ ਦਾ ਪੱਕਾ ਪਤਾ ਨਾ ਹੋਵੇ ਕਿ ਤੁਸੀਂ ਲੈਂਡਡ ਇਮੀਗਰੈਂਟ ਹੋ ਕਿ ਨਹੀਂ ਤਾਂ ਇਸ ਬਾਰੇ ਕਿਸੇ ਵਕੀਲ ਨਾਲ ਗੱਲ ਕਰੋ। (ਸਫਾ 2 ਉੱਪਰ ਦੇਖੋ "ਕੌਣ ਮਦਦ ਕਰ ਸਕਦਾ ਹੈ")
- ਜੇ ਤੁਸੀਂ ਲੈਂਡਡ ਇਮੀਗਰੈਂਟ ਬਣਨ ਵਾਸਤੇ ਅਰਜ਼ੀ ਕਰਨ ਵਾਲੇ ਹੋ ਅਤੇ ਜੇ ਤੁਸੀਂ ਆਪਣੇ ਪਤੀ ਨੂੰ ਛੱਡ ਜਾਵੋ ਜਿਹੜਾ ਕਿ ਤੁਹਾਡਾ ਸਪਾਂਸਰ ਹੈ ਤਾਂ ਇਸ ਨਾਲ ਇਮੀਗਰੇਸ਼ਨ ਵਾਲੇ ਤੁਹਾਡੀ ਅਰਜ਼ੀ ਰੱਦ ਕਰ ਸਕਦੇ ਹਨ। ਜੇ ਤੁਹਾਡਾ ਪਤੀ ਇਮੀਗਰੇਸ਼ਨ ਵਾਲਿਆਂ ਨੂੰ ਕਹਿ ਦੇਵੇ ਕਿ ਉਹ ਤੁਹਾਡਾ ਸਪਾਂਸਰ ਨਹੀਂ ਬਣੇਗਾ ਤਾਂ ਵੀ ਤੁਸੀਂ ਕਨੇਡਾ ਵਿਚ ਰਹਿਣ ਲਈ "ਮਾਨਵਵਾਦੀ ਅਤੇ ਰਿਆਇਤੀ (ਹਿਊਮਨਟੇਰੀਅਨ ਅਤੇ ਕੰਪੈਸ਼ਨੇਟ) ਕਾਰਨਾਂ ਥੱਲੇ ਅਰਜ਼ੀ ਕਰ ਸਕਦੇ ਹੋ। ਤੁਹਾਨੂੰ ਵਕੀਲ ਦੀ ਮਦਦ ਦੀ ਜ਼ਰੂਰਤ ਪਵੇਗੀ।
- ਜੇ ਤੁਸੀਂ ਆਪਣੇ ਪਤੀ ਨੂੰ ਛੱਡ ਜਾਵੋ ਤਾਂ ਤੁਸੀਂ ਆਪਣੇ ਬੱਚਿਆਂ ਨੂੰ ਆਪਣੇ ਨਾਲ ਲਿਜਾਣ ਦਾ ਹੱਕ ਰੱਖਦੇ ਹੋ। ਤੁਹਾਡਾ ਪਤੀ ਤੁਹਾਡਾ ਜਾਂ ਤੁਹਾਡੇ ਬੱਚਿਆਂ ਦਾ ਮਾਲਕ ਨਹੀਂ ਹੈ ਜਾਣੀ ਕਿ ਤੁਸੀਂ ਉਸਦੀ ਮਲਕੀਅਤ ਨਹੀਂ ਹੋ।
- ਤੁਹਾਡੀ ਸ਼ਨਾਖਤ ਦੇ ਸਾਰੇ ਪੇਪਰ ਜਿਹੜੇ ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਕਨੇਡਾ ਵਿਚਲੇ ਸਟੇਟਸ ਨੂੰ ਦਰਸਾਉਂਦੇ ਹੋਣ ਤੁਸੀਂ ਆਪਣੇ ਨਾਲ ਲਿਜਾ ਸਕਦੇ ਹੋ। ਤੁਸੀਂ ਜਿਹੜੀਆਂ ਵਸਤਾਂ ਤੁਹਾਡੀਆਂ ਹਨ ਉਹ ਅਤੇ ਜੋ ਤੁਹਾਨੂੰ ਬੱਚਿਆਂ ਵਾਸਤੇ ਚਾਹੀਦਾ ਹੋਵੇ ਆਪਣੇ ਨਾਲ ਲਿਜਾ ਸਕਦੇ ਹੋ।
- ਜੇ ਤੁਹਾਡੇ ਪਤੀ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਤਾਂ ਉਸਨੂੰ ਕਚਹਿਰੀ ਜਾਣਾ ਪਵੇਗਾ। ਉਸਨੂੰ ਨਾ ਤਾਂ ਆਟੋਮੈਟੀਕਲੀ ਏਥੋਂ ਕੱਢਿਆ ਜਾ ਸਕਦਾ ਹੈ ਤੇ ਨਾ ਹੀ ਜੇਲ ਵਿਚ ਭੇਜਿਆ ਜਾ ਸਕਦਾ ਹੈ।

## ਤੁਸੀਂ ਕੀ ਕਰ ਸਕਦੇ ਹੋ

- ਜੇ ਤੁਸੀਂ ਆਪਣੀ ਜਾਂ ਆਪਣੇ ਬੱਚਿਆਂ ਦੀ ਸੁਰੱਖਿਅਤਾ ਲਈ ਡਰਦੇ ਹੋ ਤਾਂ ਕਈ ਸੁਰੱਖਿਅਤ ਥਾਂ ਹਨ ਜਿੱਥੇ ਤੁਸੀਂ ਜਾ ਸਕਦੇ ਹੋ। ਪੁਲੀਸ ਨੂੰ ਜਾਂ ਟਰਾਂਜ਼ੀਸ਼ਨ ਘਰ ਨੂੰ ਜਾਂ ਔਰਤਾਂ ਦੇ ਕੇਂਦਰ ਨੂੰ ਫੋਨ ਕਰੋ – ਉਹ ਤੁਹਾਨੂੰ ਰਹਿਣ ਵਾਸਤੇ ਸੁਰੱਖਿਅਤ ਥਾਂ ਭਾਲ ਕੇ ਦੇ ਸਕਦੇ ਹਨ। (ਸਫਾ 2 ਉੱਪਰ ਦੇਖੋ "ਕੌਣ ਮਦਦ ਕਰ ਸਕਦਾ ਹੈ")
- ਤੁਸੀਂ ਆਪਣੇ ਪਤੀ ਨੂੰ ਛੱਡੋ ਜਾ ਨਾ, ਤੁਸੀਂ ਉਹਨਾਂ ਲੋਕਾਂ ਕੋਲੋਂ ਮਦਦ ਲੈ ਸਕਦੇ ਹੋ ਜੋ ਤੁਹਾਡੀ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਦਾਹਰਣ ਵਜੋਂ, ਤੁਸੀਂ ਕਿਸੇ ਵਿਸ਼ਵਾਸ ਵਾਲੀ ਸਹੇਲੀ ਨਾਲ ਗੱਲ ਕਰ ਸਕਦੇ ਹੋ ਜਾਂ ਕਿਸੇ ਯੋਗ ਕਾਊਂਸਲਰ ਨਾਲ ਗੱਲ ਕਰ ਸਕਦੇ ਹੋ।
- ਤੁਸੀਂ ਹੇਠ ਲਿਖੀਆਂ ਗੱਲਾਂ ਵਾਸਤੇ ਕਾਨੂੰਨੀ ਸਹਾਇਤਾ ਲੈ ਸਕਦੇ ਹੋ:
  - ਇਮੀਗਰੇਸ਼ਨ ਨਾਲ ਨਿਪਟਣ ਲਈ – ਇਮੀਗਰੇਸ਼ਨ ਨਾਲ ਗੱਲ ਕਰਨ ਤੋਂ ਪਹਿਲਾਂ ਕਿਸੇ ਵਕੀਲ ਨਾਲ ਗੱਲ ਕਰੋ।
  - ਆਪਣੇ ਬੱਚਿਆਂ ਦੀ ਕਾਨੂੰਨੀ ਤੌਰ ਤੇ ਨਿਗਰਾਨੀ (ਕਸਟਡੀ) ਹਾਸਲ ਕਰੋ
  - ਆਪਣੇ ਪਤੀ ਨੂੰ ਆਪਣੇ ਤੋਂ ਅਤੇ ਜੇ ਲੋੜ ਹੋਵੇ ਤਾਂ ਬੱਚਿਆਂ ਤੋਂ ਦੂਰ ਰੱਖਣ ਵਾਸਤੇ ਤੁਸੀਂ ਕਚਹਿਰੀ ਤੋਂ ਹੁਕਮ (ਕੋਰਟ ਆਰਡਰ) ਲੈ ਸਕਦੇ ਹੋ।
- ਜੇ ਤੁਸੀਂ ਲੈਂਡਡ ਇਮੀਗਰੈਂਟ ਹੋ ਅਤੇ ਤੁਹਾਨੂੰ ਪੈਸੇ ਦੀ ਜ਼ਰੂਰਤ ਹੈ ਤਾਂ ਤੁਸੀਂ ਵੈਲਫੇਅਰ ਲੈ ਸਕਦੇ ਹੋ ਭਾਵੇਂ ਕਿ ਤੁਹਾਡੇ ਪਤੀ ਨੇ ਇਮੀਗਰੇਸ਼ਨ ਵਾਲਿਆਂ ਨਾਲ ਇਹ ਵਾਇਦਾ ਕੀਤਾ ਹੋਵੇ ਕਿ ਉਹ ਤੁਹਾਨੂੰ ਸਪੋਰਟ ਕਰੇਗਾ। ਜਦੋਂ ਤੁਸੀਂ ਵੈਲਫੇਅਰ ਵਾਸਤੇ ਅਰਜ਼ੀ ਕਰਨ ਜਾਵੋ ਤੇ ਜੇ ਸੰਭਵ ਹੋਵੇ ਤਾਂ ਆਪਣੇ ਇਮੀਗਰੇਸ਼ਨ ਪੇਪਰ ਨਾਲ ਲੈ ਜਾਵੋ

■ ਜੇ ਤੁਸੀਂ ਲੈਂਡਡ ਇਮੀਗਰੈਂਟ ਬਣਨ ਵਾਸਤੇ ਅਰਜ਼ੀ ਕਰ ਰਹੇ ਹੋ ਅਤੇ ਤੁਸੀਂ ਆਪਣੇ ਪਤੀ ਤੋਂ ਵੱਖ ਹੋ ਜਾਵੋ, ਤਾਂ ਵੈਲਫੇਅਰ ਵਾਸਤੇ ਅਰਜ਼ੀ ਕਰਨ ਦਾ ਤੁਹਾਡੀ ਇਮੀਗਰੇਸ਼ਨ ਦੀ ਅਰਜ਼ੀ ਤੇ ਅਸਰ ਪੈ ਸਕਦਾ ਹੈ। ਨਾਲ ਹੀ ਸੰਭਵ ਹੈ ਕਿ ਤੁਹਾਨੂੰ ਵੈਲਫੇਅਰ ਨਾ ਮਿਲੇ। ਜੇ ਕੋਈ ਵੈਲਫੇਅਰ ਕਰਮਚਾਰੀ ਕਹੇ ਕਿ ਤੁਹਾਨੂੰ ਵੈਲਫੇਅਰ ਨਹੀਂ ਮਿਲਣਾ ਤਾਂ ਤੁਸੀਂ ਅਪੀਲ ਕਰਕੇ ਉਨ੍ਹਾਂ ਨੂੰ ਇਸ ਫੈਸਲੇ ਬਾਰੇ ਦੁਬਾਰਾ ਸੋਚਣ ਲਈ ਆਖ ਸਕਦੇ ਹੋ। ਲੀਗਲ ਏਡ ਵਾਲਿਆਂ ਕੋਲੋਂ ਮਦਦ ਲਵੋ।

## ਕੌਣ ਮਦਦ ਕਰ ਸਕਦਾ ਹੈ

■ ਜੇ ਤੁਸੀਂ ਅਸੁਰੱਖਿਅਤ ਮਹਿਸੂਸ ਕਰ ਰਹੇ ਹੋ ਜਾਂ ਤੁਹਾਨੂੰ ਕੋਈ ਫੌਰੀ ਖਤਰਾ ਹੈ ਤਾਂ 911 ਤੇ ਫੋਨ ਕਰੋ ਜਾਂ ਪੁਲੀਸ ਜਾਂ ਆਰ ਸੀ ਐਮ ਪੀ ਦੇ ਐਮਰਜੈਂਸੀ ਨੰਬਰਾਂ ਤੇ ਫੋਨ ਕਰੋ। ਇਹ ਨੰਬਰ ਤੁਹਾਡੀ ਫੋਨ ਕਿਤਾਬ ਦੇ ਪਹਿਲੇ ਵਰਕੇ ਦੇ ਅੰਦਰਲੇ ਪਾਸੇ ਦਿੱਤੇ ਹੁੰਦੇ ਹਨ। ਜੇ ਤੁਸੀਂ ਅੰਗ੍ਰੇਜ਼ੀ ਨਾ ਬੋਲਦੇ ਹੋਵੋ ਤਾਂ ਤੁਸੀਂ 911 ਫੋਨ ਵਾਲਿਆਂ ਤੋਂ ਦੁਭਾਸ਼ੀਏ ਦੀ ਮੰਗ ਕਰ ਸਕਦੇ ਹੋ। ਜਦੋਂ ਤੁਸੀਂ ਫੋਨ ਕਰੋ ਤਾਂ ਕਹੋ ਕਿ "ਪੁਲੀਸ" ("Police") ਅਤੇ ਨਾਲ ਹੀ ਕਹੋ "ਪੰਜਾਬੀ" ("Punjabi")। ਜਾਂ 0 ਘੁਮਾ ਕੇ ਕਹੋ "ਕਰਾਈਸਸ" ("crisis")।

■ ਆਪਣੇ ਇਲਾਕੇ ਵਿਚਲੀਆਂ ਕਮਿਊਨਿਟੀ ਸੇਵਾਵਾਂ ਦਾ ਪਤਾ ਲਵੋ। ਤੁਹਾਡੀ ਸਥਾਨਕ ਮਲਟੀਕਲਚਰਲ ਜਾਂ ਇਮੀਗਰੈਂਟ ਏਜੰਸੀ ਨੇੜੇ ਦੀਆਂ ਕਾਨੂੰਨੀ (ਲੀਗਲ) ਤੇ ਕਾਊਂਸਲਿੰਗ ਸੇਵਾਵਾਂ ਦਾ ਪਤਾ ਲਗਾਉਣ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ। ਉਹ ਲੋੜ ਪੈਣ ਤੇ ਤੁਹਾਡੇ ਵਾਸਤੇ ਦੁਭਾਸ਼ੀਏ ਦਾ ਪਤਾ ਵੀ ਲਗਾ ਸਕਦੀਆਂ ਹਨ।

■ ਜੇ ਤੁਹਾਡੇ ਕੋਲ ਵਕੀਲ ਨੂੰ ਦੇਣ ਵਾਸਤੇ ਪੈਸੇ ਨਹੀਂ ਹਨ ਤਾਂ ਲੀਗਲ ਏਡ (Legal aid) ਵਾਲਿਆਂ ਨੂੰ ਫੋਨ ਕਰੋ। ਉਹ ਤੁਹਾਨੂੰ ਕਾਨੂੰਨੀ ਜਾਣਕਾਰੀ ਦੇ ਸਕਦੇ ਹਨ ਅਤੇ ਤੁਹਾਡੀ ਸਹਾਇਤਾ ਵਾਸਤੇ ਕਿਸੇ ਵਕੀਲ ਨੂੰ ਵੀ ਪੈਸੇ ਦੇ ਸਕਦੇ ਹਨ। ਲੀਗਲ ਏਡ ਵਾਲਿਆਂ ਨੂੰ ਆਪਣੀ ਸਥਿਤੀ ਬਾਰੇ ਦੱਸਣਾ ਨਾ ਭੁੱਲੋ ਅਤੇ ਨਾਲ ਹੀ ਇਹ ਵੀ ਦੱਸ ਦੇਵੋ ਕਿ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ। ਲੀਗਲ ਏਡ ਦਾ ਫੋਨ ਭਾਲਣ ਵਾਸਤੇ ਆਪਣੀ ਫੋਨ ਕਿਤਾਬ ਦੇ ਚਿੱਟੇ ਪੰਨਿਆਂ ਵਿਚੋਂ "Legal aid — Legal Services Society" ਥੱਲੇ ਜਾਂ ਪੀਲੇ ਪੰਨਿਆਂ ਵਿਚੋਂ "Lawyers — Legal Services Society" ਥੱਲੇ ਦੇਖੋ। ਵੈਨਕੂਵਰ ਵਿਚ 601-6300 'ਤੇ ਫੋਨ ਕਰੋ। ਉਹ ਤੁਹਾਨੂੰ ਲੀਗਲ ਏਡ ਸੰਬੰਧੀ ਜਾਣਕਾਰੀ ਵਾਸਤੇ ਪੰਜਾਬੀ ਰੀਕਾਰਡਿੰਗ ਦਾ ਪਤਾ ਦੇ ਸਕਦੇ ਹਨ ਜਾਂ ਉਸ ਨਾਲ ਮਿਲਾ ਸਕਦੇ ਹਨ।

■ ਤੁਸੀਂ ਬੀ ਸੀ ਦੇ ਕਿਸੇ ਵੀ ਹਿੱਸੇ ਵਿਚੋਂ ਜ਼ੁਲਮ ਦਾ ਨਿਸ਼ਾਨਾ ਬਣਿਆਂ ਵਾਸਤੇ ਜਾਣਕਾਰੀ ਲਾਈਨ (Victims Information Line) ਨੂੰ 1-800-563-0808 (ਮੁਫਤ ਫੋਨ) 'ਤੇ ਫੋਨ ਕਰ ਸਕਦੇ ਹੋ। ਇਸ ਲਾਈਨ ਉੱਪਰ ਜਾਣਕਾਰੀ ਸਿਰਫ ਅੰਗ੍ਰੇਜ਼ੀ ਵਿਚ ਹੀ ਮਿਲਦੀ ਹੈ। ਇਹ ਤੁਹਾਨੂੰ ਤੁਹਾਡੇ ਨੇੜੇ ਦੇ ਟਰਾਂਜ਼ੀਸ਼ਨ ਹਾਊਸ, ਔਰਤਾਂ ਦੇ ਕੇਂਦਰ, ਲੀਗਲ ਏਡ ਦਫਤਰ ਅਤੇ ਵੈਲਫੇਅਰ ਦੇ ਦਫਤਰ ਦੇ ਨੰਬਰ ਦੇ ਸਕਦੇ ਹਨ। ਉਹ ਤੁਹਾਡੇ ਵਾਸਤੇ ਸਹਾਇਤਾ ਕਰਮਚਾਰੀ (ਸੁਪੋਰਟ ਵਰਕਰ) ਵੀ ਭਾਲ ਸਕਦੇ ਹਨ ਜਿਹੜਾ ਤੁਹਾਡੀ ਮਦਦ ਕਰ ਸਕਦਾ ਹੈ ਜੇ ਤੁਹਾਡਾ ਪਤੀ ਕਿਸੇ ਜ਼ੁਰਮ ਅਧੀਨ ਚਾਰਜ ਕੀਤਾ ਜਾ ਚੁੱਕਾ ਹੈ ਅਤੇ ਤੁਸੀਂ ਗਵਾਹ ਹੋ।

■ ਜੇ ਤੁਸੀਂ ਵਕੀਲ ਦੇ ਪੈਸੇ ਦੇ ਸਕਦੇ ਹੋ ਤਾਂ ਆਪਣੀਆਂ ਸਹੇਲੀਆਂ, ਔਰਤਾਂ ਦੇ ਕੇਂਦਰ, ਟਰਾਂਜ਼ੀਸ਼ਨ ਹਾਊਸ, ਜਾਂ ਇਮੀਗਰੈਂਟ ਸੇਵਾਵਾਂ ਕੋਲੋਂ ਕਿਸੇ ਅਜਿਹੇ ਵਕੀਲ ਬਾਰੇ ਪੁੱਛ ਗਿੱਛ ਕਰੋ ਜੋ ਇਮੀਗਰੇਸ਼ਨ ਅਤੇ ਪਰਵਾਰਿਕ ਕਾਨੂੰਨਾਂ ਬਾਰੇ ਜਾਣਦਾ ਹੋਵੇ।

■ ਲਾਇਰ ਰੈਫਰਲ ਸਰਵਿਸ (Lawyer Referral Service) (ਸਿਰਫ ਅੰਗ੍ਰੇਜ਼ੀ) ਵਾਲੇ ਵੀ ਤੁਹਾਨੂੰ ਕਿਸੇ ਪਰਵਾਰਿਕ ਮਸਲਿਆਂ ਦੇ ਮਾਹਰ ਵਕੀਲ ਦਾ ਪਤਾ ਦੇ ਸਕਦੇ ਹਨ ਅਤੇ ਕਈ ਵਾਰੀ ਕਿਸੇ ਅਜਿਹੇ ਵਕੀਲ ਦਾ ਵੀ ਸੁਝਾਅ ਦੇ ਸਕਦੇ ਹਨ ਜੋ ਪੰਜਾਬੀ ਬੋਲਦਾ ਹੋਵੇ। ਤੁਸੀਂ ਦਸ ਡਾਲਰ ਦੇ ਕੇ ਕਿਸੇ ਵੀ ਵਕੀਲ ਨਾਲ ਅੱਧੇ ਘੰਟੇ ਦੀ ਮੁਲਾਕਾਤ ਲੈ ਸਕਦੇ ਹੋ। ਵੈਨਕੂਵਰ ਵਿਚ ਤੁਸੀਂ 687-3221 'ਤੇ ਫੋਨ ਕਰ ਸਕਦੇ ਹੋ ਅਤੇ ਬਾਕੀ ਬੀ ਸੀ ਵਿਚੋਂ 1-800-663-1919 (ਟੋਲ ਫਰੀ) 'ਤੇ ਫੋਨ ਕਰ ਸਕਦੇ ਹੋ।

## ਜਦੋਂ ਤੁਸੀਂ ਆਪਣੇ ਵਕੀਲ ਜਾਂ ਲੀਗਲ ਏਡ ਨਾਲ ਗੱਲਬਾਤ ਕਰੋ

■ ਉਹ ਸਾਰੇ ਪੇਪਰ ਆਪਣੇ ਕੋਲ ਲੈ ਕੇ ਜਾਵੋ ਜੋ ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਕਨੇਡਾ ਵਿਚ ਇਮੀਗਰੇਸ਼ਨ ਸਟੇਟਸ ਨੂੰ ਦਰਸਾਉਂਦੇ ਹੋਣ।

■ ਜੇ ਤੁਸੀਂ ਲੀਗਲ ਏਡ ਵਾਸਤੇ ਅਰਜ਼ੀ ਦੇਣੀ ਚਾਹੁੰਦੇ ਹੋ ਤਾਂ ਆਪਣੀ ਆਮਦਨ ਦਾ ਸਬੂਤ ਵੀ ਨਾਲ ਲੈ ਕੇ ਜਾਵੋ।

■ ਜੇ ਤੁਸੀਂ ਖੁਦ ਜਾਂ ਤੁਹਾਡੇ ਬੱਚੇ ਤੁਹਾਡੇ ਪਤੀ ਕੋਲੋਂ ਖਤਰੇ ਵਿਚ ਹੋ ਤਾਂ ਉਨ੍ਹਾਂ ਨੂੰ ਦੱਸ ਦੇਵੋ।

■ ਜੇ ਤੁਸੀਂ ਆਪਣੇ ਬੱਚੇ ਦੀ ਨਿਗਰਾਨੀ (ਕਸਟਡੀ) ਲੈਣੀ ਚਾਹੁੰਦੇ ਹੋ ਤਾਂ ਇਹ ਵੀ ਉਨ੍ਹਾਂ ਨੂੰ ਦੱਸ ਦੇਵੋ।

■ ਦੁਭਾਸ਼ੀਏ ਤੋਂ ਕਾਨੂੰਨੀ ਸਲਾਹ ਮਸ਼ਵਰਾ ਨਾ ਪੁੱਛੋ। ਆਪਣੇ ਵਕੀਲ ਜਾਂ ਕਾਨੂੰਨੀ ਸਲਾਹਕਾਰ ਕੋਲੋਂ ਪੁੱਛੋ।

ਇਹ ਪ੍ਰਕਾਸ਼ਨਾ ਕਾਨੂੰਨ ਬਾਰੇ ਆਮ ਗੱਲਾਂ ਦੀ ਵਿਆਖਿਆ ਕਰਨ ਲਈ ਹੈ। ਇਸਦਾ ਮਕਸਦ ਤੁਹਾਨੂੰ ਤੁਹਾਡੀ ਸਮੱਸਿਆ ਬਾਰੇ ਕਾਨੂੰਨੀ ਸਲਾਹ ਮਸ਼ਵਰਾ ਦੇਣ ਦਾ ਨਹੀਂ।
ਇਹ ਬਰੋਸ਼ਰ ਪਬਲਿਕ ਲੀਗਲ ਐਜੂਕੇਸ਼ਨ ਪ੍ਰੋਗਰਾਮ (Public Legal Education Program), ਲੀਗਲ ਸਰਵਿਸਜ਼ ਸੁਸਾਇਟੀ (Legal Services Society), ਬੀ ਸੀ ਵਲੋਂ ਤਿਆਰ ਕੀਤਾ ਗਿਆ ਹੈ।
ਇਸ ਸੀਰੀਜ਼ ਵਿਚ ਦੂਜੀਆਂ ਫੈਕਟ ਸ਼ੀਟਾਂ ਇਹ ਹਨ:
2. ਕਾਨੂੰਨੀ ਕਾਰਵਾਈ ਕਰਨੀ (ਟੇਕਿੰਗ ਲੀਗਲ ਐਕਸ਼ਨ) 3. ਨਿਗਰਾਨੀ ਅਤੇ ਪਹੁੰਚ (ਕਸਟੱਡੀ ਅਤੇ ਐਕਸੱਸ) 4. ਤੁਹਾਡੇ ਬਚਾਅ ਵਾਸਤੇ ਕਚਹਿਰੀਆਂ ਦੇ ਹੁਕਮਨਾਮੇ (ਕੋਰਟ ਆਰਡਰ)
ਮਾਰਚ 1998 March